# ਆਪਣੇ ਬੱਚੇ ਨਾਲ ਪੜ੍ਹਨਾ

4-6 ਸਾਲ ਉਮਰ




booktrust.org.uk

# ਆਪਣੇ ਬੱਚੇ ਨਾਲ ਪੜ੍ਹਨਾ

ਆਪਣੇ ਬੱਚੇ ਨਾਲ ਪੜ੍ਹਨ ਤੋਂ ਭਾਵ ਕਿਤਾਬਾਂ, ਕਹਾਣੀਆਂ, ਤੁਕਬੰਦੀਆਂ, ਜਾਂ ਕਿਸੇ ਹੋਰ ਲਿਖਤ ਨੂੰ ਸਾਂਝਾ ਕਰਨਾ ਹੋ ਸਕਦਾ ਹੈ। ਤੁਸੀਂ ਇਹ ਕਰ ਸਕਦੇ ਹੋ:

- ਇਕੱਠਿਆਂ ਕਿਤਾਬਾਂ ਪੜ੍ਹਨੀਆਂ।
- ਇੱਕ ਦੂਜੇ ਨੂੰ ਕਹਾਣੀਆਂ ਸੁਣਾਉਣਾ।
- ਉਨ੍ਹਾਂ ਚੀਜਾਂ ਬਾਰੇ ਗੱਪਸ਼ੱਪ ਮਾਰਨੀ ਜੋ ਤੁਸੀਂ ਪੜ੍ਹੀਆਂ ਹੋਈਆਂ ਹੋਣ।
- ਕਿਤਾਬਾਂ ਵਿੱਚ ਤਸਵੀਰਾਂ ਬਾਰੇ ਗੱਲਬਾਤ ਕਰਨਾ।
- ਉਸ ਵੇਲੇ ਵੀ ਕਹਾਣੀਆਂ ਸਾਂਝੀਆਂ ਕਰਨੀਆਂ ਜਦੋਂ ਤੁਹਾਡੇ ਸਾਹਮਣੇਂ ਕੋਈ ਕਿਤਾਬ ਨਾ ਹੋਵੇ। ਤੁਸੀਂ ਆਪਣੀਆਂ ਮਨਪਸੰਦ ਕਹਾਣੀਆਂ ਨੂੰ ਦੁਬਾਰਾ ਕਿਉਂ ਨਹੀਂ ਸੁਣਾਉਂਦੇ ਹੋ?





# ਕਿਉਂ ਪੜ੍ਹੀਏ?

## ਆਪਣੇ ਬੱਚੇ ਨਾਲ ਕਿਤਾਬਾਂ ਅਤੇ ਕਹਾਣੀਆਂ ਨੂੰ ਸਾਂਝਾ ਕਰਨਾ ਇੱਕ ਮਜੇਦਾਰ ਕੰਮ ਹੁੰਦਾ ਹੈ!

ਆਪਣੇ ਬੱਚੇ ਨਾਲ ਖਾਸ ਯਾਦਾਂ ਅਤੇ ਪਲਾਂ ਦਾ ਨਿਰਮਾਣ ਕਰਨਾ ਇੱਕ ਮਹਾਨ ਵਿਧੀ ਹੈ, ਅਤੇ ਇਹ ਆਸਾਨੀ ਨਾਲ ਦਿਨ ਦਾ ਇੱਕ ਪਸੰਦੀਦਾ ਭਾਗ ਬਣ ਸਕਦਾ ਹੈ।

ਇਹ ਬੱਚਿਆਂ ਦੀ ਇਸ ਲਈ ਵੀ ਮਦਦ ਕਰਦਾ ਹੈ:

- ਉਨ੍ਹਾਂ ਦੇ ਆਲੇ ਦੁਆਲੇ ਦੇ ਸੰਸਾਰ ਨੂੰ ਸਮਝਣਾ।
- ਸਮਾਜਿਕ ਅਤੇ ਭਾਵਨਾਤਮਕਿ ਹੁਨਰਾਂ ਦਾ ਵਿਕਾਸ ਕਰਨਾ।
- ਆਪਣਾ ਅੰਗ੍ਰੇਜੀ, ਵਿਗਿਆਨ, ਗਣਿਤ ਅਤੇ ਦੂਜੇ ਵਿਸ਼ਿਆਂ ਵਿੱਚ ਸੁਧਾਰ ਹੋਣਾ।
- ਗੱਲ-ਬਾਤ ਵਿੱਚ ਵਿਸ਼ਵਾਸ਼ ਦਾ ਨਿਰਮਾਣ ਕਰਨਾ।
- ਉਨ੍ਹਾਂ ਦੇ ਪਿਆਰ ਦੇ ਬੰਧਨ ਨੂੰ ਆਪਣੇ ਨਾਲ ਅਤੇ ਪਰਿਵਾਰ ਦੇ ਹੋਰ ਸਦੱਸਾਂ ਨਾਲ ਮਜ਼ਬੂਤ ਬਣਾਉਣਾ।



# ਸਾਨੂੰ ਕੀ ਪੜ੍ਹਨਾ ਚਾਹੀਦਾ ਹੈ?

## ਤੁਸੀ ਕੁੱਝ ਵੀ ਪੜ੍ਹ ਸਕਦੇ ਹੋ।

ਤਸਵੀਰਾਂ ਵਾਲੀਆਂ ਕਤਿਾਬਾਂ, ਕਾਮਕਿਸ, ਕਵਤਿਾਵਾਂ, ਅਤੇ ਤੁਕਬੰਦੀਆਂ ਦੀ ਇੱਕ ਰੋਜ ਨੂੰ ਪੜ੍ਹਨ ਦੀ ਕੋਸ਼ਸ਼ਿ ਕਰੋ।

ਤੁਸੀਂ ਇੱਕੋ ਕਤਿਾਬ ਨੂੰ ਵਾਰ ਵਾਰ ਪੜ੍ਹ ਸਕਦੇ ਹੋ। ਜਾਣ-ਪਛਾਣ ਵਾਲੀਆਂ ਕਤਿਾਬਾਂ ਪੜ੍ਹਨ ਤੋਂ ਸੁੱਖ ਦੰਿਦੀਆਂ ਹਨ ਅਤੇ ਵਸਿਵਾਸ਼ ਦਾ ਨਰਿਮਾਣ ਕਰਦੀਆਂ ਹਨ।

ਤੁਸੀਂ ਨਵੀਆਂ ਕਤਿਾਬਾਂ ਦੀ ਚੋਣ ਕਰ ਸਕਦੇ ਹੋ। ਕੁੱਝ ਚੋਣ ਇਕੱਠਆਿਂ ਕਰੋ ਜਸਿ ਦਾ ਤੁਸੀ ਦੋਨੋਂ ਆਨੰਦ ਮਾਣ ਸਕੋ।

ਕਤਿਾਬਾਂ ਦਾ ਸ਼ਬਦਾਂ ਨਾਲ ਭਰਆਿ ਹੋਣਾ ਜਰੂਰੀ ਨਹੀਂ ਹੁੰਦਾ।

ਤਸਵੀਰਾਂ ਵਾਲੀਆਂ ਕਤਿਾਬਾਂ ਆਪਣੇ ਬੱਚੇ ਨਾਲ ਸਾਂਝੀਆਂ ਕਰਨ ਲਈ ਅਤੇ ਇਸ ਬਾਰੇ ਗੱਲਬਾਤ ਕਰਨ ਲਈ ਸੰਪੂਰਣ ਹੁੰਦੀਆਂ ਹਨ। ਤੁਸੀਂ ਕਹਾਣੀਆਂ ਨੂੰ ਖੋਜਨ ਲਈ ਤਸਵੀਰਾਂ ਦੀ ਵਰਤੋਂ ਕਰ ਸਕਦੇ ਹੋ ਅਤੇ ਆਪਣੇ ਬੱਚੇ ਦੀ ਉਨ੍ਹਾਂ ਕਤਿਾਬਾਂ ਨੂੰ ਸਮਝਣ ਵੱਿਚ ਮਦਦ ਕਰ ਸਕਦੇ ਹੋ ਜੋ ਵਧੇਰੇ ਮੁਸ਼ਕਲ ਹੁੰਦੀਆਂ ਹਨ।

- ਆਪਣੀ ਸਥਾਨਕ ਲਾਇਬ੍ਰੇਰੀ ਵੱਿਚ ਜਾਓ ਅਤੇ ਦੇਖੋ ਤੁਹਾਡਾ ਬੱਚਾ ਕੀ ਪਸੰਦ ਕਰਦਾ ਹੈ।
- ਅਧਆਿਪਕਾਂ, ਲਾਇਬ੍ਰੇਰੀਅਨਾਂ ਜਾਂ ਦੂਜੇ ਮਾਪਆਿਂ ਨੂੰ ਕਤਿਾਬਾਂ ਬਾਰੇ ਸੁਝਾਵ ਦੇਣ ਲਈ ਕਹੋ।
- ਕੁੱਝ ਵਚਿਾਰਾਂ ਲਈ ਬੁੱਕ ਟ੍ਰਸਟ ਵੈਬਸਾਈਟ ਤੇ ਬੁੱਕਫਾਈਂਡਰ ਵੱਿਚ ਜਾਓ: **booktrust.org.uk/bookfinder**
- ਤੁਸੀਂ ਟੇਬਲੈਟਾਂ ਅਤੇ ਕੰਪਊਿਟਰਾਂ ਤੇ ਕਹਾਣੀ ਸੁਣਾਉਣ ਵਾਲੀਆਂ ਐਪਸ ਅਤੇ ਕਹਾਣੀਆਂ ਨੂੰ ਵੀ ਲੱਭ ਸਕਦੇ ਹੋ।
- ਬਸ ਆਪਣੇ ਬੱਚੇ ਨਾਲ ਬਣੇ ਰਹਣਿ ਨੂੰ ਯਕੀਨੀ ਬਣਾਓ ਅਤੇ ਉਨ੍ਹਾਂ ਨਾਲ ਕਹਾਣੀ ਸਾਂਝੀ ਕਰਨ ਦਾ ਆਨੰਦ ਮਾਣੋ।





# ਸਾਨੂੰ ਕਦੋਂ ਪੜ੍ਹਨਾ ਚਾਹੀਦਾ ਹੈ?

## ਜਦੋਂ ਵੀ ਤੁਹਾਨੂੰ ਸਮਾਂ ਮਿਲੇ ਤੁਸੀਂ ਕਹਾਣੀਆਂ ਸਾਂਝੀਆਂ ਕਰ ਸਕਦੇ ਹੋ।

ਆਪਣੇ ਬੱਚੇ ਨਾਲ ਪ੍ਰਤੀ ਦਿਨ ਸਿਰਫ਼ ਦਸ ਮਿੰਟ ਲਈ ਕਹਾਣੀਆਂ ਪੜ੍ਹਨਾ ਇੱਕ ਵੱਡਾ ਫ਼ਰਕ ਪਾਉਂਦਾ ਹੈ।

- ਆਪਣੇ ਨਾਲ ਕਿਤਾਬਾਂ ਲਿਜਾਓ ਤਾਂ ਕਿ ਤੁਹਾਡੇ ਕੋਲ਼ ਸਾਂਝੀ ਕਰਨ ਲਈ ਹਮੇਸ਼ਾਂ ਕੋਈ ਕਹਾਣੀ ਹੋਵੇ। ਤੁਸੀਂ ਰੇਲਗੱਡੀ ਜਾਂ ਬੱਸ ਵਿੱਚ ਵੀ ਪੜ੍ਹ ਸਕਦੇ ਹੋ, ਜਾਂ ਤਾਂ ਵੀ ਜੇਕਰ ਤੁਸੀਂ ਇੱਕ ਕਤਾਰ ਵਿੱਚ ਇੰਤਜਾਰ ਵੀ ਕਰ ਰਹੇ ਹੋਵੋ।
- ਜਦੋਂ ਤੁਸੀਂ ਬਾਹਰ ਹੋਵੋ, ਧਿਆਨ ਦੇਣ ਲਈ ਸਮਾਂ ਕੱਢ ਕੇ ਤੁਹਾਡੇ ਆਲੇ ਦੁਆਲੇ ਕੀ ਹੋ ਰਿਹਾ ਹੈ। ਤੁਸੀਂ ਆਪਣੇ ਬੱਚੇ ਨਾਲ ਜੋ ਕੁੱਝ ਵੀ ਦੇਖ ਰਹੇ ਹੋਵੋ ਉਸ ਬਾਰੇ ਕਹਾਣੀਆਂ ਬਣਾਓ।
- ਸੌਣ ਦਾ ਸਮਾਂ ਕਹਾਣੀ ਸੁਣਾਉਣ ਲਈ ਚੰਗਾ ਸਮਾਂ ਹੁੰਦਾ ਹੈ। ਇਹ ਇੱਕ ਆਦਤ ਪਾਉਣ ਵਿੱਚ ਮਦਦ ਕਰਦਾ ਹੈ ਅਤੇ ਉਸ ਲਈ ਤਿਆਰ ਕਰ ਸਕਦਾ ਹੈ ਜਿਸ ਦੀ ਤੁਹਾਡਾ ਬੱਚਾ ਤਾਂਘ ਕਰਦਾ ਹੋਵੇ। ਇਹ ਮਾਤਾ-ਪਿਤਾ ਅਤੇ ਬੱਚੇ ਲਈ ਸਾਂਝਾ ਕਰਨ ਲਈ ਇੱਕ ਚੰਗਾ ਸਮਾਂ ਹੁੰਦਾ ਹੈ।



# ਕਿਵੇਂ?

## ਪਰੇਸ਼ਾਨੀਆਂ ਤੋ ਰਹਿਤ ਇੱਕ ਸ਼ਾਂਤ ਸਥਾਨ ਨੂੰ ਲੱਭੋ।

ਟੇਲੀਵਿਜ਼ਨ, ਰੇਡੀਓ, ਕੰਪਿਊਟਰਾਂ ਅਤੇ ਟੇਬਲੈਟਾਂ ਨੂੰ ਬੰਦ ਕਰੋ। ਹਰੇਕ ਸਫੇ ਨੂੰ ਦੇਖਣ ਲਈ ਸਮਾਂ ਕੱਢੋ।

ਤੁਹਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਨਹੀ ਹੁੰਦੀ ਕਿ ਤੁਹਾਡਾ ਬੱਚਾ ਹਰੇਕ ਸ਼ਬਦ ਨੂੰ ਸਮਝਦਾ ਹੋਵੇ। ਤੁਹਾਡੇ ਦੋਹਾਂ ਲਈ ਗਲਤੀਆਂ ਕਰਨਾ ਠੀਕ ਹੈ! ਉਨ੍ਹਾਂ ਨੂੰ ਆਪਣੇ ਨਾਲ ਤਸਵੀਰਾਂ ਬਾਰੇ ਗੱਲਬਾਤ ਕਰਨ ਦਿਓ। ਇਹ ਉਨ੍ਹਾਂ ਨੂੰ ਅਰਥਾਂ ਦਾ ਪਤਾ ਲਗਾਉਣ ਅਤੇ ਜੋ ਕੁੱਝ ਸਫੇ ਤੇ ਹੁੰਦਾ ਹੈ ਉਸ ਬਾਰੇ ਸੋਚਣ ਵਿੱਚ ਉਨ੍ਹਾਂ ਦੀ ਮਦਦ ਕਰਦਾ ਹੈ।

ਮੁਸਕਰਾਉਣਾ ਨਾ ਭੁੱਲੋ। ਜੇਕਰ ਤੁਸੀ ਸੌਖਾ ਮਹਿਸੂਸ ਕਰਦੇ ਹੋਵੇ ਮਜਾਕੀਆ ਚਿਹਰੇ ਬਣਾਉਣ, ਜਾਨਵਰਾਂ ਦੀਆਂ ਆਵਾਜ਼ਾਂ ਕਢਣ ਅਤੇ ਪਾਤਰ ਦੀਆਂ ਆਵਾਜਾਂ ਪੈਦਾ ਕਰਨ ਦੀ ਕੋਸ਼ਿਸ਼ ਕਰੋ - ਇਹ ਹਮੇਸ਼ਾਂ ਬੱਚਿਆਂ ਨੂੰ ਹਸਾਉਂਦਾ ਹੈ!

### ਪ੍ਰਸ਼ਨ ਪੁੱਛੋ ਜਦੋ ਤੁਸੀ ਇਕੱਠਿਆਂ ਪੜ੍ਹਦੇ ਹੋਵੋ।

ਉਦਾਹਰਣ ਵਜੋ:

- ਤੁਸੀ ਇਸ ਸਫੇ ਤੇ ਕੀ ਦੇਖਦੇ ਹੋ?
- ਤੁਸੀ ਕੀ ਸੋਚਦੇ ਹੋ ਕਿ ਪਾਤਰ ਕੀ ਮਹਿਸੂਸ ਕਰਦੇ ਹਨ?
- ਤੁਸੀਂ ਕੀ ਸੋਚਦੇ ਹੋ ਅੱਗੇ ਕੀ ਵਾਪਰਨਾ ਹੈ?

ਜਦੋ ਤੁਸੀ ਸਮਾਪਤ ਕਰ ਲਓ, ਗੱਲ ਕਰੋ ਕਿ ਤੁਹਾਡਾ ਬੱਚਾ ਇਸ ਕਿਤਾਬ ਬਾਰੇ ਕਿਹੋ ਜਿਹਾ ਮਹਿਸੂਸ ਕਰਦਾ ਹੈ:

- ਉਨ੍ਹਾਂ ਨੂੰ ਕੀ ਪਸੰਦ ਆਇਆ ਹੈ?
- ਉਨ੍ਹਾਂ ਨੂੰ ਕੀ ਪਸੰਦ ਨਹੀ ਆਇਆ ਹੈ?
- ਜੋ ਕੁੱਝ ਵਾਪਰਿਆ ਹੈ ਉਹ ਉਸ ਬਾਰੇ ਕੀ ਯਾਦ ਰੱਖ ਸਕਦੇ ਹਨ?
- ਉਨ੍ਹਾਂ ਦਾ ਮਨਪਸੰਦ ਪਾਤਰ ਕੌਣ ਸੀ? ਕਿਉਂ?
- ਕਹਾਣੀ ਨੂੰ ਉਨ੍ਹਾਂ ਦੇ ਆਪਣੇ ਅਨੁਭਵਾਂ ਨਾਲ ਜੋੜੋ। ਕੀ ਉਹ ਯਾਦ ਕਰ ਸਕਦੇ ਹਨ ਕਿ ਉਨ੍ਹਾਂ ਨੇ ਅਜਿਹਾ ਕੰਮ ਕਦੋ ਕੀਤਾ?

ਸਭ ਤੋ ਮਹੱਤਵਪੂਰਣ ਹੈ, ਮਜਾ ਲਓ!




# ਕੀ ਹੋਵੇਗਾ ਜੇਕਰ ਅੰਗ੍ਰੇਜੀ ਮੇਰੀ ਪਹਲਿ ਭਾਸ਼ਾ ਨਾ ਹੋਵੇ?

## ਤੁਹਾਨੂੰ ਕੇਵਲ ਅੰਗ੍ਰੇਜੀ ਵਿੱਚ ਹੀ ਕਤਿਾਬਾਂ ਪੜ੍ਹਨ ਦੀ ਲੋੜ ਨਹੀਂ ਪੈਣੀ ਹੈ।

**ਆਪਣੀ ਪਹਲਿ ਭਾਸ਼ਾ ਵਿੱਚ ਕਤਿਾਬਾਂ, ਕਹਾਣੀਆਂ ਅਤੇ ਤੁਕਬੰਦੀਆਂ ਨੂੰ ਸਾਂਝਾ ਕਰਨਾ ਜਾਰੀ ਰੱਖੋ!**

- ਤੁਹਾਡਾ ਬੱਚਾ ਅੰਗ੍ਰੇਜੀ ਦੇ ਸ਼ਬਦਾਂ ਦੀ ਵਰਤੋਂ ਕਰ ਸਕਦਾ ਹੈ - ਤੁਸੀ ਉਨ੍ਹਾਂ ਦੇ ਕਹੇ ਦਾ ਅਜੇ ਵੀ ਆਪਣੀ ਭਾਸ਼ਾ ਵਿੱਚ ਜਵਾਬ ਦੇ ਸਕਦੇ ਹੋ। ਬੱਚੇ ਤੁਹਾਡੀ ਬੋਲਣ ਦੀ ਆਵਾਜ਼ ਨੂੰ ਪਸੰਦ ਕਰਦੇ ਹਨ ਅਤੇ ਦੋ ਭਾਸ਼ਾਵਾਂ ਨੂੰ ਸਮਝ ਸਕਦੇ ਹਨ।
- ਕਹਾਣੀਆਂ ਸਾਂਝੀਆਂ ਕਰਨਾ ਪੜ੍ਹ ਕੇ ਸਖਿਣ ਨਾਲੋਂ ਜਆਿਦਾ ਚੰਗਾ ਹੁੰਦਾ ਹੈ - ਇਸ ਦਾ ਮਕਸਦ ਨੇੜੇ ਹੋ ਕੇ ਬੈਠਨਾ ਅਤੇ ਇਕੱਠਾ ਸਮਾਂ ਬਤਿਾਉਣ ਹੁੰਦਾ ਹੈ।





# ਕੀ ਹੋਵੇਗਾ ਜੇਕਰ ਮੈਂ ਇੱਕ ਟੇਬਲੈਟ ਜਾਂ ਕੰਪਿਊਟਰ ਦੀ ਵਰਤੋਂ ਕਰਾਂ?

**ਡਜਿਟਿਲ ਕਤਿਾਬਾਂ ਅਤੇ ਕਹਾਣੀ ਵਾਲੀਆਂ ਐਪਸ ਵਾਧੂ ਮਜਾ ਦਦਿੀਆਂ ਹਨ!**

ਜਦੋਂ ਤੁਸੀ ਇੱਕ ਟੇਬਲੈਟ ਜਾਂ ਇੱਕ ਕੰਪਊਿਟਰ ਦੀ ਵਰਤੋਂ ਕਰਦੇ ਹੋਏ ਪੜ੍ਹ ਰਹੇ ਹੋਵੋ, ਉਹ ਕੀ ਕਰ ਰਹੇ ਹਨ ਇਸ ਬਾਰੇ ਉਨ੍ਹਾਂ ਨਾਲ ਗੱਲਬਾਤ ਕਰੋ, ਅਤੇ ਮਸ਼ੀਨ ਦੀ ਵਰਤੋਂ ਕਰਨ ਵਚਿ ਉਨ੍ਹਾਂ ਦੀ ਮਦਦ ਕਰੋ।

- ਕਸਿੇ ਵੀ ਉਮੀਦਰਹਤਿ ਲਾਗਤਾਂ ਜਾਂ ਇੰਟਰਨੈਟ ਪਹੁੰਚ ਤੋਂ ਬਚਣ ਲਈ ਇੱਕ ਬੱਚੇ ਨੂੰ ਮਸ਼ੀਨ ਦੇਣ ਤੋਂ ਪਹਲਿਾਂ ਇਸ ਨੂੰ 'ਏਅਰਪਲੇਨ ਮੋਡ' ਵਚਿ ਰੱਖਣਾ ਇੱਕ ਚੰਗਾ ਵਚਿਾਰ ਹੁੰਦਾ ਹੈ।
- ਕਹਾਣੀ ਬਾਰੇ ਬੱਚਆਿਂ ਨੂੰ ਉਹੋ ਹੀ ਸਵਾਲ ਪੁੱਛੋ ਜੋ ਤੁਹਾਡੇ ਕੋਲ ਇੱਕ ਛਪੀ ਕਤਿਾਬ ਤੇ ਦਤਿੇ ਹੋਣ।




# ਕੌਣ?

### ਪੜ੍ਹਨ ਲਈ ਇੱਕ ਆਪ ਉਦਾਹਰਣ ਬਣੋ!

ਜੇਕਰ ਤੁਹਾਡੇ ਬੱਚੇ ਤੁਹਾਨੂੰ ਪੜ੍ਹਦੇ ਹੋਏ ਵੇਖਦੇ ਹਨ, ਤਾਂ ਉਹ ਵੀ ਪੜ੍ਹਨਾ ਚਾਹੁਣਗੇ।

- ਜੋ ਕੁੱਝ ਵੀ ਤੁਸੀ ਪੜ੍ਹ ਰਹੇ ਹੋਵੋ ਉਸ ਵਿੱਚ ਆਪਣੇ ਪਰਵਿਾਰ ਨੂੰ ਸ਼ਾਮਲਿ ਕਰੋ - ਜੋ ਕੁੱਝ ਤੁਸੀਂ ਪੜ੍ਹਿਆ ਹੈ ਅਤੇ ਜੋ ਕੁੱਝ ਤੁਹਾਨੂੰ ਕਹਾਣੀ ਬਾਰੇ ਪਸੰਦ ਹੈ ਉਸ ਬਾਰੇ ਗੱਲਬਾਤ ਕਰੋ।
- ਤੁਹਾਡੇ ਬੱਚੇ ਨਾਲ ਕਤਿਾਬਾਂ ਸਾਂਝਾ ਕਰਨ ਲਈ ਆਪਣੇ ਦੋਸਤਾਂ ਅਤੇ ਪਰਵਿਾਰ ਨੂੰ ਉਤਸ਼ਾਹਤਿ ਕਰੋ। ਤੁਹਾਡਾ ਬੱਚਾ ਜਨਿੇ ਜਆਿਦਾ ਲੋਕਾਂ ਨੂੰ ਪੜ੍ਹਦਾ ਦੇਖਦਾ ਹੈ, ਉੰਨਾ ਹੀ ਜਆਿਦਾ ਉਹ ਵੀ ਪੜ੍ਹਨਾ ਚਾਹੇਗਾ



# ਅੱਗੇ ਕੀ?

ਕਹਾਣੀਆਂ, ਕਿਤਾਬਾਂ ਅਤੇ ਤੁਕਬੰਦੀਆਂ ਨੂੰ ਆਪਣੇ ਬੱਚੇ ਨਾਲ ਸਾਂਝਾ ਕਰਨ ਦੇ ਜਾਦੂ ਬਾਰੇ ਹੋਰ ਜਾਣਨ ਲਈ **booktrust.org.uk** ਤੇ ਜਾਓ।

ਤੁਸੀਂ ਪ੍ਰਾਪਤ ਕਰੋਗੇ:

- ਵਧੇਰੇ ਹਟਿ ਅਤੇ ਨੁਕਤੇ।
- ਕਤਿਾਬ ਦੇ ਸੁਝਾਵ ਅਤੇ ਸਮੀਖਆਿਵਾਂ।
- ਪ੍ਰਸਪਰ ਗੇਮਾਂ।
- ਉਹ ਕਹਾਣੀਆਂ ਜਨ੍ਹਿਾਂ ਨੂੰ ਤੁਸੀਂ ਨਾਲ ਨਾਲ ਸੁਣ ਸਕਦੇ ਹੋ ਜਾਂ ਪੜ੍ਹ ਸਕਦੇ ਹੋ।
- ਸਾਡੇ ਪ੍ਰੋਗਰਾਮਾਂ ਬਾਰੇ ਜਾਣਕਾਰੀ।

**ਪੜ੍ਹਨ ਦਾ ਆਨੰਦ ਮਾਣੋ!**

